—1—

# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ ਨੰ:

## ਹੁਕਮ

ਇਸ ਦਫਤਰ ਵਲੋਂ ਆਪਣੇ ਹੁਕਮ ਪੱਤਰ ਨੰ: 3224, ਪਿੱਠ ਅੰਕਣ ਨੰ:ਐਮ.ਏ/ 3225-50, ਮਿਤੀ 02.06.2020 ਰਾਹੀਂ ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਲਾਕਡਾਊਨ ਵਿੱਚ ਢਿੱਲ ਦਿੱਤੀ ਗਈ ਸੀ। ਇਹਨਾਂ ਹੁਕਮਾਂ ਦੀ ਲਗਾਤਾਰਤਾ ਵਿੱਚ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਚੰਡੀਗੜ੍ਹ ਜੀ ਵਲੋਂ ਪੱਤਰ ਨੰ: SS/ACSH/2020/478, ਮਿਤੀ 12.06.2020 ਰਾਹੀਂ ਲਾਕਡਾਊਨ 5.0/ਅਨਲਾਕ 1.0 ਸਬੰਧੀ ਨਵੀਆਂ ਹਦਾਇਤਾਂ ਜਾਰੀ ਹੋਈਆਂ ਹਨ। ਇਹ ਹਦਾਇਤਾਂ ਮਿਤੀ 01.06.2020 ਤੋਂ ਮਿਤੀ 30.06.2020 ਤੱਕ ਹੇਠ ਲਿਖੇ ਅਨੁਸਾਰ ਲਾਗੂ ਹੋਣਗੀਆ:-

| ਸ਼੍ਰੇਣੀਆਂ | ਜਿਸ ਦਿਨ ਖੁੱਲ੍ਹਣ ਦੀ ਇਜ਼ਾਜਤ ਹੈ |
|---|---|
| (1) ਦੁੱਧ, ਦੁੱਧ ਦੀਆਂ ਡੇਅਰੀਆਂ, ਫਲ ਅਤੇ ਸਬਜੀਆਂ | ਹਫਤੇ ਦੇ ਸਾਰੇ ਦਿਨ- ਸਵੇਰੇ 05:00 ਵਜੇ ਤੋਂ ਸ਼ਾਮ 07:00 ਵਜੇ ਤੱਕ |
| (2) ਦਵਾਈਆਂ ਦੀਆਂ ਦੁਕਾਨਾਂ, ਮੀਟ ਅਤੇ ਪੋਲਟਰੀ, ਪੋਲਟਰੀ/ਪਸ਼ੂਆਂ ਲਈ ਹਰਾ ਚਾਰਾ/ਤੂੜੀ, ਫੀਡ, ਖਾਦ, ਬੀਜ, ਕੀੜੇਮਾਰ ਦਵਾਈਆਂ ਦੀਆਂ ਦੁਕਾਨਾਂ ਅਤੇ ਕੋਲਡ ਸਟੋਰ ਅਤੇ ਵੇਅਰਹਾਊਸ | ਹਫਤੇ ਦੇ ਸਾਰੇ ਦਿਨ- ਸਵੇਰੇ 07:00 ਵਜੇ ਤੋਂ ਸ਼ਾਮ 07:00 ਵਜੇ ਤੱਕ |
| (3) ਲੜੀ ਨੰ: (1) ਅਤੇ (2) ਤੋਂ ਇਲਾਵਾ ਅਨੁਲੱਗ-"ੳ" (ਕਾਪੀ ਨੱਥੀ) ਵਿੱਚ ਦਰਜ਼ ਜ਼ਰੂਰੀ ਵਸਤੂਆਂ ਅਤੇ ਸੇਵਾਵਾਂ | ਹਫਤੇ ਦੇ ਸਾਰੇ ਦਿਨ- ਸਵੇਰੇ 07:00 ਵਜੇ ਤੋਂ ਸ਼ਾਮ 07:00 ਵਜੇ ਤੱਕ |
| (4) Barber shops, Saloons, Spa, Beauty Parlour | ੳ) ਸੋਮਵਾਰ ਤੋਂ ਸ਼ੁਕਰਵਾਰ- ਸਵੇਰੇ 07:00 ਵਜੇ ਤੋਂ ਸ਼ਾਮ 07:00 ਵਜੇ ਤੱਕ<br>ਅ) ਸ਼ਨੀਵਾਰ, ਐਤਵਾਰ ਅਤੇ ਗਜ਼ਟਡ ਛੁੱਟੀ ਵਾਲੇ ਦਿਨ ਪੂਰੀ ਤਰ੍ਹਾਂ ਬੰਦ। |
| (5) ਰੈਸਟੋਰੈਂਟ, ਹਲਵਾਈ, ਬੇਕਰੀ ਅਤੇ Multinational Eateries ਜਿਵੇਂ ਕਿ Dominos, Subway, Baskin-Robbins ਆਦਿ | ਪਹਿਲਾਂ ਜਾਰੀ ਸ਼ਰਤਾਂ ਦੇ ਆਧਾਰ ਤੇ ਹਫਤੇ ਦੇ ਸਾਰੇ ਦਿਨ- ਸਵੇਰੇ 09:00 ਵਜੇ ਤੋਂ ਸ਼ਾਮ 07:00 ਵਜੇ ਤੱਕ ਕੇਵਲ ਹੋਮ ਡਿਲਵਰੀ ਅਤੇ ਟੇਕ ਅਵੇ ਲਈ। |
| (6) ਸ਼ਰਾਬ ਦੇ ਵੈਂਡ (ਠੇਕੇ) | ਹਫਤੇ ਦੇ ਸਾਰੇ ਦਿਨ- ਸਵੇਰੇ 08:00 ਵਜੇ ਤੋਂ ਸ਼ਾਮ 08:00 ਵਜੇ ਤੱਕ |
| (7) ਸਾਰੇ ਸਰਕਾਰੀ ਅਤੇ ਪ੍ਰਾਈਵੇਟ ਬੈਂਕ, ਇੰਨਸ਼ੋਰੈਂਸ, ਫਾਈਨੈਂਸ ਕੰਪਨੀਆਂ ਆਦਿ | ਆਪਣੇ-ਆਪਣੇ ਨਿਯਮਿਤ ਸਮੇਂ ਅਤੇ ਦਿਨਾਂ ਅਨੁਸਾਰ |
| (8) ਵਿਦਿਅਕ ਅਦਾਰੇ, ਸਿਖਲਾਈ ਅਤੇ ਕੋਚਿੰਗ ਸੈਂਟਰ ਆਦਿ | ਕੇਵਲ ਪ੍ਰਬੰਧਕੀ ਕਾਰਜਾਂ ਲਈ ਸੋਮਵਾਰ ਤੋਂ ਸ਼ੁਕਰਵਾਰ ਤੱਕ- ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ। |
| (9) ਪ੍ਰਾਹੁਣਾਚਾਰੀ ਸੇਵਾਵਾਂ, ਸਿਨੇਮਾ ਹਾੱਲ, ਜਿੰਮ, ਸਵੀਮਿੰਗ ਪੂਲ, ਮਨੋਰੰਜਨ ਪਾਰਕ, ਕਲੱਬ, ਥਿਏਟਰ, ਬਾੱਰ, ਆਡੀਟੋਰੀਅਮ, ਅਸੈਂਬਲੀ ਹਾੱਲ ਅਤੇ ਹੋਰ ਸਮਾਜਿਕ, ਧਾਰਮਿਕ, ਰਾਜਨੀਤਿਕ ਖੇਡਾਂ, ਮਨੋਰੰਜਨ, ਵਿਦਿਅਕ ਜਾਂ ਸੱਭਿਆਚਾਰਕ ਸਮਾਗਮ ਜਾਂ ਇਕੱਠ ਆਦਿ | ਅਗਲੇ ਹੁਕਮਾਂ ਤੱਕ ਮੁਕੰਮਲ ਤੌਰ ਤੇ ਬੰਦ ਰਹਿਣਗੇ। |

| | |
|---|---|
| (10) ਉਕਤ ਤੋਂ ਇਲਾਵਾ ਬਾਕੀ ਰਹਿੰਦੀਆਂ ਸਾਰੀਆਂ ਦੁਕਾਨਾਂ, ਸ਼ੋ-ਰੂਮ, ਸੇਵਾਵਾਂ ਜੋ ਉਕਤ ਲੜੀ ਨੰ: (9) ਵਿੱਚ ਸ਼ਾਮਲ ਨਹੀਂ ਹਨ | ੳ) ਸੋਮਵਾਰ ਤੋਂ ਸ਼ੁਕਰਵਾਰ- ਸਵੇਰੇ 09:00 ਵਜੇ ਤੋਂ ਸ਼ਾਮ 07:00 ਵਜੇ ਤੱਕ<br>ਅ) ਸ਼ਨੀਵਾਰ, ਐਤਵਾਰ ਅਤੇ ਗਜ਼ਟਡ ਛੁੱਟੀ ਵਾਲੇ ਦਿਨ ਪੂਰੀ ਤਰ੍ਹਾਂ ਬੰਦ। |

**ਉਕਤ ਤੋਂ ਇਲਾਵਾ ਹੇਠ ਲਿਖੀਆਂ ਹਦਾਇਤਾਂ ਦੀ ਵੀ ਪਾਲਣਾ ਕੀਤੀ ਜਾਵੇ:-**

1) ਸ਼ਨੀਵਾਰ, ਐਤਵਾਰ ਅਤੇ ਗਜ਼ਟਡ ਛੁੱਟੀ ਵਾਲੇ ਦਿਨ ਕੇਵਲ ਜ਼ਰੂਰੀ ਕੰਮ ਲਈ ਇੱਕ ਜਿਲ੍ਹੇ ਤੋਂ ਦੂਸਰ ਜਿਲ੍ਹੇ ਵਿੱਚ ਜਾਣ ਲਈ **epasscovid19.pais.net.in** ਤੇ ਅਪਲਾਈ ਕਰਕੇ ਜਿਲ੍ਹਾ ਪ੍ਰਸ਼ਾਸ਼ਨ ਪਾਸੋਂ E-Pass ਜਾਰੀ ਕਰਵਾਉਣਾ ਜ਼ਰੂਰੀ ਹੋਵੇਗਾ। ਮੈਡੀਕਲ ਐਮਰਜੈਂਸੀ/ਸੇਵਾਵਾਂ ਲਈ ਕਿਸੇ ਕਿਸਮ ਦੇ ਪਾਸ ਦੀ ਜ਼ਰੂਰਤ ਨਹੀਂ ਹੋਵੇਗੀ।

2) ਵਿਆਹ/ਸ਼ਾਦੀ ਦੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਿਲ੍ਹਾ ਪ੍ਰਸ਼ਾਸ਼ਨ ਤੋਂ 50 ਵਿਅਕਤੀਆਂ ਲਈ ਪੂਰਵ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ। ਇਸ ਸਬੰਧੀ ਆਪਣੀ ਲਿਖਤੀ ਪ੍ਰਤੀਬੇਨਤੀ ਸਮੇਤ ਸ਼ਾਮਲ ਹੋਣ ਵਾਲੇ ਵਿਅਕਤੀਆਂ ਦੇ ਨਾਵਾਂ ਦੀ ਲਿਸਟ ਦਫਤਰ ਡਿਪਟੀ ਕਮਿਸ਼ਨਰ ਪਠਾਨਕੋਟ ਦੀ ਈ.ਮੇਲ ਆਈ-ਡੀ dc.pathankot@gmail.com ਤੇ ਭੇਜੀ ਜਾਵੇ, ਜਿਸ ਦੀ ਪ੍ਰਵਾਨਗੀ/ਇਜ਼ਾਜਤ ਈ.ਮੇਲ ਤੇ ਹੀ ਆਪ ਨੂੰ ਭੇਜ਼ ਦਿੱਤੀ ਜਾਵੇਗੀ ਜਾਂ ਖੁੱਦ ਇੱਕ ਵਿਅਕਤੀ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-ਏ, ਪਹਿਲਾਂ ਫਲੋਰ, ਕਮਰਾ ਨੰ: 212 ਵਿੱਚ ਪਹੁੰਚ ਕਰਕੇ ਲਿਖਤੀ ਪ੍ਰਵਾਨਗੀ/ਇਜ਼ਾਜਤ ਪ੍ਰਾਪਤ ਕਰ ਸਕਦਾ ਹੈ।। ਵਿਆਹ ਤੋਂ ਘੱਟੋ-ਘੱਟ ਇਕ ਹਫਤਾ ਪਹਿਲਾਂ ਪ੍ਰਤੀਬੇਨਤੀ ਦਿੱਤੀ ਜਾਵੇ।

ਸਮੂਹ ਜਿਲ੍ਹਾ ਪਠਾਨਕੋਟ ਨਿਵਾਸੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਮਾਰਟ ਮੋਬਾਇਲ ਫੋਨ ਤੇ COVA ਅਤੇ Aarogya Setu ਐਪਲੀਕੇਸ਼ਨ ਇੰਸਟਾਲ/ਡਾਊਨਲੋਡ ਕਰਨ ਅਤੇ ਇਸ ਨੂੰ ਨਿਰੰਤਰ ਅਪਡੇਟ ਕਰਨ ਤਾਂ ਜੋ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀ ਕੋਵਿਡ-19 ਸਬੰਧੀ ਯੋਜਨਾ ਨੂੰ ਸੇਧ ਮਿੱਲ ਸਕੇ। ਲੰਬੇ ਸਮੇਂ ਤੋਂ ਬਿਮਾਰ, 65 ਸਾਲ ਤੋਂ ਜਿਆਦਾ ਉਮਰ ਦੇ ਬਜੁਰਗਾਂ, ਗਰਭਵਤੀ ਔਰਤਾਂ ਅਤੇ 10 ਸਾਲ ਤੋਂ ਘੱਟ ਉਮਰ ਦੇ ਬੱਚੇ ਕੇਵਲ ਸਿਹਤ ਸਬੰਧੀ ਜਾਂ ਅਤਿ ਜ਼ਰੂਰੀ ਕਾਰਜਾਂ ਲਈ ਹੀ ਘਰ ਤੋਂ ਬਾਹਰ ਨਿਕਲਣ। ਜਨਤਕ ਪਾਰਕ ਪਬਲਿਕ ਲਈ ਸੈਰ, ਕਸਰਤ, ਯੋਗਾ ਲਈ ਖੁੱਲ੍ਹੇ ਰਹਿਣਗੇ, ਪਰੰਤੂ ਇਕ ਜਗ੍ਹਾ ਤੇ ਇਕੱਠ ਕਰਨ ਤੇ ਪਾਬੰਦੀ ਹੋਵੇਗੀ।

ਜੇਕਰ ਕਿਸੇ ਵਿਅਕਤੀ/ਸੰਸਥਾਂ ਵਲੋਂ ਉਕਤ ਹਦਾਇਤਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਉਹ ਡਿਜਾਸਟਰ ਮੈਨੇਜਮੈਂਟ ਐਕਟ, 2005 ਦੀ ਧਾਰਾ 51 ਤੋਂ 60 ਤਹਿਤ ਸਜ਼ਾ ਦਾ ਭਾਗੀਦਾਰ ਹੋਵੇਗਾ ਅਤੇ ਉਸ ਵਿਰੁੱਧ ਆਈ.ਪੀ.ਸੀ ਦੀ ਧਾਰਾ 188 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਮਿਤੀ: 13.06.2020

DISTRICT MAGISTRATE * PATHANKOT *

**(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ**
**ਜਿਲ੍ਹਾ ਮੈਜਿਸਟਰੇਟ, ਪਠਾਨਕੋਟ।**

ਪਿੱਠ ਅੰਕਣ ਨੰ: ਐਮ.ਏ/ 3754 -80 ਮਿਤੀ: 13.06.2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3) ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
4) ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।
5) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
6) ਵਧੀਕ ਡਿਪਟੀ ਕਮਿਸ਼ਨਰ (ਜ/ਵਿ), ਪਠਾਨਕੋਟ।

7) ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰਕਲਾਂ।

8) ਸਹਾਇਕ ਕਮਿਸ਼ਨਰ (ਜਨਰਲ/ਸ਼ਿਕਾਇਤਾਂ), ਪਠਾਨਕੋਟ।

9) ਸਿਵਲ ਸਰਜਨ, ਪਠਾਨਕੋਟ।

10) ਜਿਲ੍ਹਾ ਮਾਲ ਅਫਸਰ, ਪਠਾਨਕੋਟ।

11) ਤਹਿਸੀਲਦਾਰ, ਪਠਾਨਕੋਟ/ਧਾਰਕਲਾਂ।

12) ਜਿਲ੍ਹਾ ਲੋਕ ਸੰਪਰਕ ਅਫਸਰ, ਪਠਾਨਕੋਟ ਨੂੰ ਜਨਤਕ ਸੂਚਨਾ ਹਿੱਤ।

13) ਜਿਲ੍ਹਾ ਖੁਰਾਕ ਸਿਵਲ ਸਪਲਾਈਜ਼ ਕੰਟਰੋਲਰ, ਪਠਾਨਕੋਟ।

14) ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਪਠਾਨਕੋਟ।

15) ਜਿਲ੍ਹਾ ਮੰਡੀ ਅਫਸਰ, ਪਠਾਨਕੋਟ।

16) ਸਕੱਤਰ, ਮਾਰਕਿਟ ਕਮੇਟੀ, ਪਠਾਨਕੋਟ/ਨਰੋਟ ਜੈਮਲ ਸਿੰਘ।

17) ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ, ਪਠਾਨਕੋਟ।

18) ਕਾਰਜ ਸਾਧਕ ਅਸਫਰ, ਨਗਰ ਕੌਂਸਲ, ਸੁਜਾਨਪੁਰ।

19) ਸਮੂਹ ਵਿਭਾਗਾਂ ਦੇ ਮੁਖੀ, ਜਿਲ੍ਹਾ ਪਠਾਨਕੋਟ।

20) ਸਮੂਹ ਸਪੈਸ਼ਲ ਡਿਊਟੀ ਮੈਜਿਸਟਰੇਟ ਅਤੇ ਸਹਾਇਕ ਡਿਊਟੀ ਮੈਜਿਸਟਰੇਟ ਜਿਲ੍ਹਾ ਪਠਾਨਕੋਟ।

21) ਨਿੱਜੀ ਸਹਾਇਕ ਟੂ ਡਿਪਟੀ ਕਮਿਸ਼ਨਰ ਨੂੰ ਰਿਕਾਰਡ ਹਿੱਤ।

(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE PATHANKOT

ਅਨੁਲੱਗ- "ੳ"

## List of Essential Services

1. Supply of groceries
2. Supply of beverages
3. Supply of fresh fruits and vegetables
4. Supply of Drinking Water
5. Supply of fodder
6. All food processing units supplying processed food items
7. Dispensing of petrol, diesel, CNG at designed petrol/ diesel/ CNG pumps/dispensing units
8. Rice shellers milling the paddy
9. Milk plants, dairy units, fodder making units and cattle feeds
10. Supply of LPG (domestic & commercial)
11. Medicine and other pharmaceuticals from medical stores
12. Health services
13. Manufacturing of medical and health equipments.
14. Telecom operators and the agencies appointed by them to ensure communication service
15. Insurance companies
16. Banks and ATMs
17. Post offices
18. Loading and unloading of wheat and rice for receipt in godown and/or dispatch against Central pool/DCP/OMSS.
19. Transportation of essential commodities/essential services and stock articles required for procurement and storage of foods, grains, viz. gunny bags, PP bags, crates, tarpaulin, covers, meshnets, Celphos, insecticides etc.
20. Movement of Harvesting Combines and harvesting operations
21. Agricultural implements making units.

DISTRICT MAGISTRATE PATHANKOT

Sd/-
District Magistrate
Pathankot